CALIFORNIA DEPARTMENT OF HEALTH CARE SERVICES
Michelle Baass | Director

Medi-Cal

ਅਕਤੂਬਰ 2023

# ਤੁਹਾਡੀ ਸਿਹਤ ਕਵਰੇਜ ਬਾਰੇ ਮਹੱਤਵਪੂਰਨ ਖ਼ਬਰ

ਪਿਆਰੇ Medi-Cal ਮੈਂਬਰ,

ਖੁਸ਼ਖ਼ਬਰੀ! ਤੁਹਾਨੂੰ ਛੇਤੀ ਹੀ Medi-Cal ਵੱਲੋਂ ਵਧੇਰੇ ਲਾਭ ਮਿਲ ਸਕਦੇ ਹਨ। **1 ਜਨਵਰੀ, 2024** ਤੋਂ, full Medi-Cal 26 ਤੋਂ 49 ਸਾਲ ਦੀ ਉਮਰ ਦੇ ਬਾਲਗਾਂ ਲਈ ਉਪਲਬਧ ਹੋਏਗੀ ਜੋ Medi-Cal ਲਈ ਯੋਗ ਹਨ। **Full** Medi-Cal ਤੁਹਾਡੇ ਕੋਲ ਹੁਣ ਮੌਜੂਦ **restricted** Medi-Cal ਤੋਂ ਵੱਖਰਾ ਹੈ। Restricted Medi-Cal ਸਿਰਫ਼ ਐਮਰਜੈਂਸੀ ਸੇਵਾਵਾਂ ਨੂੰ ਕਵਰ ਕਰਦਾ ਹੈ। ਇਸ ਵਿੱਚ ਦਵਾਈ ਅਤੇ ਮੁੱਢਲੀ ਦੇਖਭਾਲ ਵਰਗੀਆਂ ਚੀਜ਼ਾਂ ਸ਼ਾਮਲ ਨਹੀਂ ਹਨ।

ਆਉਣ ਵਾਲੇ ਮਹੀਨਿਆਂ ਵਿੱਚ ਵਿਚਾਰ ਕਰਨ ਲਈ ਕੁਝ ਗੱਲਾਂ:

- ਤੁਹਾਡੀ ਇਮੀਗ੍ਰੇਸ਼ਨ ਸਥਿਤੀ ਨੂੰ ਯੋਗਤਾ ਪ੍ਰਕਿਰਿਆ ਦੇ ਹਿੱਸੇ ਵਜੋਂ ਨਹੀਂ ਮੰਨਿਆ ਜਾਵੇਗਾ।
- **ਦਸੰਬਰ 2023 ਵਿੱਚ, ਤੁਹਾਨੂੰ ਡਾਕ ਵਿੱਚ ਪੱਤਰ ਮਿਲੇਗਾ ਜਿਸ ਵਿੱਚ ਤੁਹਾਨੂੰ ਦੱਸਿਆ ਜਾਏਗਾ ਕਿ ਕੀ ਅਤੇ ਕਦੋਂ ਤੁਹਾਨੂੰ full Medi-Cal ਪ੍ਰਾਪਤ ਹੋਏਗੀ।**
- **ਤੁਸੀਂ full Medi-Cal ਨਾਲ ਹੋਰ ਸਿਹਤ ਸੰਭਾਲ ਸੇਵਾਵਾਂ ਪ੍ਰਾਪਤ ਕਰੋਗੇ।**
- Medi-Cal ਕੋਲ California ਵਿੱਚ ਰਹਿਣ ਵਾਲੇ ਲੋਕਾਂ ਲਈ ਮੁਫ਼ਤ ਜਾਂ ਘੱਟ ਕੀਮਤ ਵਾਲੀ ਸਿਹਤ ਸੰਭਾਲ ਹੈ।

Full Medi-Cal ਇਹਨਾਂ ਸੇਵਾਵਾਂ ਅਤੇ ਹੋਰ ਬਹੁਤ ਕੁਝ ਨੂੰ ਕਵਰ ਕਰਦੀ ਹੈ:

- ਡਾਕਟਰੀ ਦੇਖਭਾਲ
- ਤੁਹਾਡੇ ਡਾਕਟਰ ਦੁਆਰਾ ਆਰਡਰ ਕੀਤੀ ਜਾਣ ਵਾਲੀ ਦਵਾਈ
- ਮਾਹਿਰ ਦੇਖਭਾਲ
- ਮਾਨਸਿਕ ਸਿਹਤ ਦੇਖਭਾਲ
- ਪਰਿਵਾਰ ਨਿਯੋਜਨ ਅਤੇ ਜਣੇਪਾ ਦੇਖਭਾਲ
- ਐਮਰਜੈਂਸੀ ਦੇਖਭਾਲ
- ਤੁਹਾਡੇ ਡਾਕਟਰ ਦੁਆਰਾ ਆਰਡਰ ਕੀਤੇ ਜਾਣ ਵਾਲੇ ਟੈਸਟ
- ਮੈਡੀਕਲ ਸਪਲਾਈਆਂ
- ਸ਼ਰਾਬ ਅਤੇ ਨਸ਼ਿਆਂ ਦੀ ਵਰਤੋਂ ਦਾ ਇਲਾਜ
- ਦੰਦਾਂ ਦੀ ਦੇਖਭਾਲ
- ਡਾਕਟਰ ਅਤੇ ਡੈਂਟਲ ਦੌਰਿਆਂ ਅਤੇ ਨੁਸਖ਼ੇ ਵਾਲੀਆਂ ਦਵਾਈਆਂ ਲੈਣ ਲਈ ਆਵਾਜਾਈ ਦੀ ਸਹੂਲਤ
- ਦੇਖਭਾਲ ਲਈ ਨਰਸਿੰਗ ਹੋਮ ਵਿੱਚ ਨਾ ਜਾਣ 'ਤੇ ਘਰ ਵਿੱਚ ਦੇਖਭਾਲ ਅਤੇ ਸਹਾਇਤਾ

**California Department of Health Care Services**
Director's Office
1500 Capitol Avenue | Sacramento, CA | 95899-7413
MS 0000 | Phone (916) 440-7400 | dhcs.ca.gov

**State of California**
Gavin Newsom, Governor

California Health and Human Services Agency

- ਨਜ਼ਰ ਦੀ ਦੇਖਭਾਲ (ਐਨਕ)
- ਸੁਣਨ ਸੰਬੰਧੀ ਯੰਤਰ
- ਪੈਰਾਂ ਦੀ ਦੇਖਭਾਲ

ਜੇਕਰ ਤੁਹਾਡੇ ਕੋਲ ਹੁਣ ਗਰਭ-ਅਵਸਥਾ ਨਾਲ ਸੰਬੰਧਿਤ Medi-Cal ਹੈ, ਤਾਂ ਤੁਹਾਡੇ ਕੋਲ Medi-Cal ਦੁਆਰਾ ਕਵਰ ਕੀਤੀਆਂ ਜਾਂਦੀਆਂ ਮੈਡੀਕਲ ਤੌਰ 'ਤੇ ਜ਼ਰੂਰੀ ਸਾਰੀਆਂ ਸੇਵਾਵਾਂ ਹਨ।

**ਮੈਂਬਰਾਂ ਲਈ ਅਕਸਰ ਪੁੱਛੇ ਜਾਣ ਵਾਲੇ ਸੁਆਲਾਂ (FAQ) ਵਿੱਚ Medi-Cal ਬਾਰੇ ਤੁਸੀਂ ਹੋਰ ਜਾਣ ਸਕਦੇ ਹੋ ਜੋ ਇਸ ਚਿੱਠੀ ਨਾਲ ਆਇਆ ਹੈ।**

**ਹੇਠਾਂ ਤੁਹਾਨੂੰ ਮਹੱਤਵਪੂਰਨ ਜਾਣਕਾਰੀ ਮਿਲੇਗੀ ਜੋ ਤੁਹਾਨੂੰ ਅਗਲੇ ਕਦਮਾਂ ਬਾਰੇ ਸੂਚਿਤ ਕਰੇਗੀ:**

## ਤੁਹਾਨੂੰ ਨਵੀਂ Medi-Cal ਅਰਜ਼ੀ ਭਰਨ ਦੀ ਲੋੜ ਨਹੀਂ ਹੈ।

ਤੁਹਾਡੇ ਕੋਲ ਪਹਿਲਾਂ ਹੀ restricted Medi-Cal ਹੈ, ਇਸਲਈ ਤੁਹਾਨੂੰ full Medi-Cal ਲਈ ਨਵੀਂ ਅਰਜ਼ੀ ਭਰਨ ਦੀ ਲੋੜ ਨਹੀਂ ਹੈ। **ਜੇਕਰ ਤੁਸੀਂ full ਜਾਂ SOC Medi-Cal ਲਈ ਯੋਗ ਹੁੰਦੇ ਹੋ, ਤਾਂ ਤੁਹਾਡਾ ਨਾਮ ਆਪਣੇ ਆਪ ਨਾਮਾਂਕਿਤ ਕਰ ਲਿਆ ਜਾਏਗਾ।**

ਜੇਕਰ ਤੁਹਾਨੂੰ ਆਪਣਾ Medi-Cal ਨਵਿਆਉਣ ਲਈ ਡਾਕ ਵਿੱਚ ਕੋਈ ਪੈਕੇਟ ਮਿਲਿਆ ਹੈ, ਤਾਂ ਇਸ ਨੂੰ ਭਰੋ ਅਤੇ ਵਾਪਸ ਕਰੋ। ਤੁਸੀਂ ਮਦਦ ਲਈ ਆਪਣੇ ਕਾਉਂਟੀ ਦਫ਼ਤਰ ਵਿੱਚ ਕੱਾਲ ਕਰ ਸਕਦੇ ਹੋ।

## ਤੁਸੀਂ ਸਿਹਤ ਦੇਖਭਾਲ ਸੇਵਾਵਾਂ ਕਿਵੇਂ ਪ੍ਰਾਪਤ ਕਰੋਗੇ।

Full Medi-Cal ਵਾਲੇ ਜ਼ਿਆਦਾਤਰ ਲੋਕ Medi-Cal Managed Care Plan ਰਾਹੀਂ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਨਗੇ। ਇੱਕ Medi-Cal Managed Care Plan ਇੱਕ ਸਿਹਤ ਪਲੈਨ ਹੈ ਜੋ ਤੁਹਾਨੂੰ ਲੋੜੀਂਦੀ Medi-Cal ਸੇਵਾਵਾਂ ਦੇਣ ਲਈ ਤੁਹਾਡੇ ਸੇਵਾ ਖੇਤਰ ਵਿੱਚ ਡਾਕਟਰਾਂ, ਹਸਪਤਾਲਾਂ ਅਤੇ ਹੋਰ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਕੰਮ ਕਰਦਾ ਹੈ।

ਜਦੋਂ ਤੁਸੀਂ Medi-Cal Managed Care Plan ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਸੀਂ ਅਜੇ ਵੀ ਆਪਣੇ Medi-Cal Managed Care Plan ਦੀ ਬਜਾਏ Fee-For-Service (regular) Medi-Cal ਦੁਆਰਾ ਕੁਝ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਜ਼ਿਆਦਾਤਰ ਕਾਉਂਟੀਆਂ ਵਿੱਚ, ਇਹਨਾਂ ਵਿੱਚ ਕੁਝ ਘਰੇਲੂ ਅਤੇ ਭਾਈਚਾਰਾ-ਆਧਾਰਿਤ ਸੇਵਾਵਾਂ, ਜ਼ਿਆਦਾਤਰ Medi-Cal ਫਾਰਮੇਸੀ ਸੇਵਾਵਾਂ, substance use disorder ਦੇ ਇਲਾਜ ਬਾਰੇ ਸੇਵਾਵਾਂ, ਅਤੇ ਦੰਦਾਂ ਦੀਆਂ ਸੇਵਾਵਾਂ ਸ਼ਾਮਲ ਹਨ।

ਤੁਹਾਡੀ Medi-Cal Managed Care Plan ਦੇ ਵਿਕਲਪ ਉਸ ਕਾਉਂਟੀ 'ਤੇ ਨਿਰਭਰ ਕਰਦੇ ਹਨ ਜਿਸ ਵਿੱਚ ਤੁਸੀਂ ਰਹਿੰਦੇ ਹੋ। ਕੁਝ ਕਾਉਂਟੀਆਂ ਦੀ ਇੱਕ ਹੀ ਯੋਜਨਾ ਹੁੰਦੀ ਹੈ। ਕੁਝ ਕਾਉਂਟੀਆਂ ਵਿੱਚ ਚੁਣਨ ਲਈ ਇੱਕ ਤੋਂ ਵੱਧ ਪਲੈਨ ਹੁੰਦੇ ਹਨ। ਅਸੀਂ ਤੁਹਾਨੂੰ ਇੱਕ ਪੱਤਰ ਅਤੇ ਇੱਕ *My Medi-Cal Choice* ਪੈਕੇਟ ਤੁਹਾਡੇ ਪਲਾਨ ਵਿਕਲਪਾਂ ਦੇ ਨਾਲ ਭੇਜਾਂਗੇ।

## ਜੇਕਰ ਤੁਹਾਡੇ ਕੋਲ Share of Cost (SOC) ਦੇਣ ਵਾਲਾ Medi-Cal ਹੈ, ਤਾਂ ਤੁਸੀਂ ਸਿਹਤ ਦੇਖਭਾਲ ਸੇਵਾਵਾਂ ਕਿਵੇਂ ਪ੍ਰਾਪਤ ਕਰੋਗੇ।

ਜੇਕਰ ਤੁਹਾਡੇ ਕੋਲ SOC ਹੈ, ਤਾਂ ਤੁਸੀਂ ਆਪਣੀਆਂ ਸਿਹਤ ਸੰਭਾਲ ਸੇਵਾਵਾਂ Fee-For-Service (regular) Medi-Cal ਜਾਂ Medi-Cal Managed Care Plan ਰਾਹੀਂ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਸ਼ਾਇਦ Medi-Cal Managed Care Plan ਚੁਣਨ ਦੀ ਲੋੜ ਨਾ ਹੋਵੇ। Fee-For-Service (regular) Medi-Cal ਵਿੱਚ, ਤੁਸੀਂ ਕਿਸੇ ਅਜਿਹੇ ਡਾਕਟਰ ਨੂੰ ਮਿਲ ਸਕਦੇ ਹੋ ਜੋ Fee-For-Service (regular) Medi-Cal ਪ੍ਰਵਾਨ ਕਰਦਾ ਹੈ।

**ਤੁਹਾਨੂੰ ਆਪਣਾ Medi-Cal Benefits Identification Card (BIC) ਰੱਖਣਾ ਚਾਹੀਦਾ ਹੈ।**
ਤੁਹਾਡਾ BIC ਸੰਤਰੀ ਭੁੱਕੀ (ਪੌਪੀ) ਦੇ ਫੁੱਲਾਂ ਜਾਂ ਨੀਲੇ ਅਤੇ ਚਿੱਟੇ ਡਿਜ਼ਾਈਨ ਵਾਲਾ ਪਲਾਸਟਿਕ ਕਾਰਡ ਹੁੰਦਾ ਹੈ। ਤੁਹਾਨੂੰ ਇਸਦੀ ਲੋੜ ਪਵੇਗੀ ਜਦੋਂ ਤੁਸੀਂ full ਜਾਂ SOC Medi-Cal ਪ੍ਰਾਪਤ ਕਰੋਗੇ। ਜੇਕਰ ਤੁਹਾਨੂੰ ਇੱਕ ਨਵਾਂ BIC ਚਾਹੀਦਾ ਹੈ ਤਾਂ ਆਪਣੇ ਕਾਉਂਟੀ ਦਫ਼ਤਰ ਵਿੱਚ ਕਾੱਲ ਕਰੋ।

ਆਪਣੇ ਡਾਕਟਰ ਅਤੇ ਦੂਜੀਆਂ ਡਾਕਟਰੀ ਅਤੇ ਦੰਦਾਂ ਸੰਬੰਧੀ ਮੁਲਾਕਾਤਾਂ ਲਈ ਜਾਣ ਸਮੇਂ ਹਮੇਸ਼ਾ ਆਪਣਾ BIC ਲੈ ਕੇ ਜਾਓ। ਜਦੋਂ ਤੁਸੀਂ Medi-Cal Managed Care Plan ਵਿੱਚ ਹੁੰਦੇ ਹੋ, ਤਾਂ ਤੁਹਾਨੂੰ ਆਪਣੀ ਨਵੀਂ ਯੋਜਨਾ ਤੋਂ ਇੱਕ ਕਾਰਡ ਮਿਲੇਗਾ। ਜਦੋਂ ਤੁਸੀਂ ਆਪਣੇ ਡਾਕਟਰ, ਦੰਦਾਂ ਦੇ ਡਾਕਟਰ, ਫਾਰਮੇਸੀ, ਅਤੇ ਹੋਰ ਮੈਡੀਕਲ ਪ੍ਰਦਾਤਾਵਾਂ ਨੂੰ ਮਿਲਣ ਜਾਂਦੇ ਹੋ ਤਾਂ ਤੁਹਾਨੂੰ ਦੋਵੇਂ ਕਾਰਡ ਦਿਖਾਉਣੇ ਹੋਣਗੇ।

## ਤੁਹਾਡੀਆਂ Medi-Cal ਸੇਵਾਵਾਂ ਨੂੰ ਨੈਵੀਗੇਟ ਕਰਨ ਲਈ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸ੍ਰੋਤ:

**ਤੁਹਾਨੂੰ ਵੱਖਰੀ ਭਾਸ਼ਾ ਵਿੱਚ ਮਦਦ ਦੀ ਲੋੜ ਹੈ।**
ਜੇਕਰ ਤੁਹਾਨੂੰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਇਸ ਪੱਤਰ ਨਾਲ ਆਈਆਂ ਮੁਫ਼ਤ ਭਾਸ਼ਾ ਸਹਾਇਤਾ ਸੇਵਾਵਾਂ ਲਈ ਫ਼ੋਨ ਨੰਬਰਾਂ ਦੀ ਸੂਚੀ ਪੜ੍ਹੋ। ਇਸ ਚਿੱਠੀ ਨੂੰ ਪੜ੍ਹਨ ਵਿੱਚ ਤੁਹਾਡੀ ਮਦਦ ਲਈ ਦੁਭਾਸ਼ੀਆ ਲੈਣ ਲਈ ਭਾਸ਼ਾ ਸਹਾਇਤਾ ਸੇਵਾਵਾਂ ਨਾਲ ਸੰਪਰਕ ਕਰੋ।

**ਤੁਹਾਨੂੰ ਵੱਖਰੇ ਫਾਰਮੈਟ ਵਿੱਚ ਸਮੱਗਰੀ ਮਿਲ ਸਕਦੀ ਹੈ।**
ਤੁਸੀਂ ਇੱਕ ਵੱਖਰੇ ਫਾਰਮੈਟ ਵਿੱਚ ਆਪਣੇ Medi-Cal ਲਾਭਾਂ ਬਾਰੇ ਸਾਰੀ ਲਿਖਤੀ ਜਾਣਕਾਰੀ ਪ੍ਰਾਪਤ ਕਰਨ ਲਈ ਕਹਿ ਸਕਦੇ ਹੋ। ਅੱਖਰਾਂ ਨੂੰ ਸਮਝਣ ਅਤੇ ਪੜ੍ਹਨ ਜਾਂ ਤੁਹਾਡੇ ਪੈਕੇਟ ਨੂੰ ਭਰਨ ਵਿੱਚ ਤੁਹਾਡੀ ਮਦਦ ਕਰਨ ਲਈ ਫਾਰਮੈਟ ਬਰੇਲ, ਵੱਡੇ ਪ੍ਰਿੰਟ, ਆਡੀਓ ਜਾਂ ਡੇਟਾ ਸੀਡੀ, ਜਾਂ ਕਿਸੇ ਹੋਰ ਫਾਰਮੈਟ ਵਿੱਚ ਹੋ ਸਕਦਾ ਹੈ। ਇਸ ਵਾਸਤੇ ਕਹਿਣ ਲਈ ਤੁਸੀਂ ਇਹ ਕਰ ਸਕਦੇ ਹੋ:

- Afs.dhcs.ca.gov 'ਤੇ ਜਾਓ। ਵੱਖਰਾ ਫਾਰਮੈਟ ਚੁਣਨ ਲਈ ਨਿਰਦੇਸ਼ਾਂ ਦੀ ਪਾਲਣਾ ਕਰੋ।
- **1-833-284-0040** (California Relay 711) ਨੂੰ ਕਾੱਲ ਕਰੋ। ਕਾੱਲ ਮੁਫ਼ਤ ਹੈ।
- ਆਪਣੇ ਸਥਾਨਕ ਕਾਉਂਟੀ ਦਫ਼ਤਰ ਨਾਲ ਸੰਪਰਕ ਕਰੋ। ਤੁਸੀਂ ਆਪਣੀ ਸਥਾਨਕ ਕਾਉਂਟੀ ਦਫ਼ਤਰ ਦੀ ਜਾਣਕਾਰੀ dhcs.ca.gov/COL 'ਤੇ ਲੱਭ ਸਕਦੇ ਹੋ।

**ਵਿਅਕਤੀਗਤ ਸਹਾਇਤਾ ਲਈ,** ਤੁਸੀਂ ਆਪਣੇ ਭਾਈਚਾਰੇ ਵਿੱਚ Health Enrollment Navigator ਨਾਲ ਸੰਪਰਕ ਕਰ ਸਕਦੇ ਹੋ। GetMedi-CalCoverage.dhcs.ca.gov 'ਤੇ ਜਾਓ ਅਤੇ "Find Local Help" (ਸਥਾਨਕ ਮਦਦ ਲੱਭੋ) ਨੂੰ ਚੁਣੋ।

**Medi-Cal Managed Care Plans ਬਾਰੇ ਜਾਣਨ ਲਈ,** Health Care Options ਨੂੰ 1-800-430-4263 'ਤੇ ਕਾੱਲ ਕਰੋ (TDD/TTY ਵਰਤੋਂਕਾਰ 1-800-430-7077 'ਤੇ ਕਾੱਲ ਕਰੋ) ਇਹ ਕਾੱਲ ਮੁਫ਼ਤ ਹੁੰਦੀ ਹੈ। ਜਾਂ healthcareoptions.dhcs.ca.gov 'ਤੇ Health Care Options ਵੈਬਸਾਈਟ 'ਤੇ ਜਾਓ।

ਤੁਸੀਂ DHCS ਵੈਬਸਾਈਟ bit.ly/AdultExpansion **'ਤੇ Adult Full Medi-Cal Expansion ਬਾਰੇ ਹੋਰ ਜਾਣ ਸਕਦੇ ਹੋ।**

**ਇਮੀਗ੍ਰੇਸ਼ਨ ਅਤੇ Medi-Cal ਪ੍ਰੋਗਰਾਮ ਬਾਰੇ ਸੁਆਲਾਂ ਲਈ:**
ਇਮੀਗ੍ਰੇਸ਼ਨ ਜਾਣਕਾਰੀ ਅਤੇ ਸਰੋਤਾਂ ਲਈ, immigrantguide.ca.gov 'ਤੇ California's Immigrant Guide 'ਤੇ ਜਾਓ।

U.S. Department of Homeland Security ਅਤੇ U.S. Citizenship and Immigration Services ਸਿਹਤ, ਭੋਜਨ ਅਤੇ ਰਿਹਾਇਸ਼ੀ ਸੇਵਾਵਾਂ ਨੂੰ public charge ਨਿਰਧਾਰਨ ਦੇ ਹਿੱਸੇ ਵਜੋਂ **ਨਹੀਂ** ਮੰਨਦੀ। ਇਸ ਲਈ, Medi-Cal ਲਾਭਾਂ ਦੀ ਵਰਤੋਂ (ਨਰਸਿੰਗ ਹੋਮ ਜਾਂ ਮਾਨਸਿਕ ਸਿਹਤ ਸੰਸਥਾ ਦੀ ਦੇਖਭਾਲ ਨੂੰ ਛੱਡ ਕੇ) ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਨੁਕਸਾਨ **ਨਹੀਂ** ਪਹੁੰਚਾਏਗੀ। ਜਦੋਂ ਕੋਈ ਵਿਅਕਤੀ ਰਾਜ ਦੁਆਰਾ ਫੰਡ ਪ੍ਰਾਪਤ ਲਾਭਾਂ ਲਈ ਅਰਜ਼ੀ ਦਿੰਦਾ ਹੈ, ਤਾਂ ਉਸਦੀ ਜਾਣਕਾਰੀ ਸਿਰਫ਼ ਇਹ ਨਿਰਧਾਰਤ ਕਰਨ ਲਈ ਵਰਤੀ ਜਾਂਦੀ ਹੈ ਕਿ ਕੀ ਉਹ ਯੋਗ ਹਨ ਜਾਂ ਨਹੀਂ। ਰਾਜ ਦੇ ਕਾਨੂੰਨ ਤੁਹਾਡੀ ਜਾਣਕਾਰੀ ਦੀ ਗੋਪਨੀਯਤਾ ਦੀ ਰੱਖਿਆ ਕਰਦੇ ਹਨ।

ਪਬਲਿਕ ਚਾਰਜ ਬਾਰੇ ਜਾਣਨ ਲਈ, chhs.ca.gov/public-charge-guide 'ਤੇ California Health and Human Services Agency Public Charge Guide 'ਤੇ ਜਾਓ।

California Department of Social Services (CDSS) California ਵਿੱਚ ਰਹਿਣ ਵਾਲੇ ਪ੍ਰਵਾਸੀਆਂ ਨੂੰ ਸੇਵਾਵਾਂ ਦੇਣ ਲਈ ਯੋਗ ਗੈਰ-ਮੁਨਾਫ਼ਾ ਸੰਸਥਾਵਾਂ ਨੂੰ ਫੰਡ ਦਿੰਦਾ ਹੈ। ਇਹਨਾਂ ਸੰਸਥਾਵਾਂ ਦੀ ਸੂਚੀ bit.ly/immigration-service-contractors 'ਤੇ ਹੈ।

ਧੰਨਵਾਦ,

Department of Health Care Services